NYSED.gov



# ਮਾਤਾ ਪਿਤਾ ਦੀ NYSITELL ਜਾਣਕਾਰੀ ਲਈ ਬਰੋਸ਼ਰ

Punjabi | August 2015

**ਆਪਜੀ ਦਾ ਨਜੂ ਯਾਰ੍ਕ ਸਟੇਟ ਪਬਲਿਕ ਸਕੂਲ ਸਿਸਟਮ ਵਿਚ ਸੁਆਗਤ ਹੈ ! ਨਜੂ ਯਾਰ੍ਕ ਸਟੇਟ ਸਿੱਖਿਆ ਵਿਭਾਗ ( NYSED ) ਦੇ ਦੋਭਾਸ਼ੀ ਅਤੇ ਵਿਸ਼ਵ ਭਾਸ਼ਾ ਸਿੱਖਿਆ ਦਫਤਰ ( OBEWL ) ਦਾ ਮਿਸ਼ਨ ਹੈ ਕਿ ਉਹ ਯਕੀਨੀ ਬਣਾਏ ਤਾਂ ਜੋ ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ ( ELLs ) / ਬਹੁਭਾਸ਼ੀ ਸਿਖਿਆਰਥੀ ( MLLs ) ਸਮੇਤ ਸਾਰੇ ਨਜੂ ਯਾਰ੍ਕ ਸਟੇਟ ( NYS ) ਦੇ ਵਿਦਿਆਰਥੀ, ਆਪਣੀ ਅਕਾਦਮਿਕ ਸਫਲਤਾ ਅਤੇ ਭਾਸ਼ਾ ਦੀ ਮੁਹਾਰਤ ਦੇ ਉੱਚੇ ਪੱਧਰ ਨੂੰ ਪ੍ਰਾਪਤ ਕਰ ਸਕਣ। ਅਸੀਂ ਇਹ ਯਕੀਨੀ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਸਭ ਵਿਦਿਆਰਥੀਆਂ ਦੇ ਵਿਅਕਤੀਗਤ ਵਿਦਿਅਕ ਮਾਰਗ ਅਤੇ ਸਮਾਜਿਕ - ਭਾਵਨਾਤਮਕ ਲੋੜਾਂ ਮਲਟੀਪਲ ਭਾਸ਼ਾਵਾਂ ਵਿਚ ਪੂਰੀਆਂ ਹੋਣ ਤਾਕਿ ਇਹ ਉਹਨਾਂ ਨੂੰ ਕਾਲਜ ਅਤੇ ਕੈਰੀਅਰ ਲਈ ਤਿਆਰ ਕਰਨ ਵਿਚ ਮੋਹਰੀ ਹੋਣ।**

## ਜਾਣ-ਪਛਾਣ

ਭਰਤੀ 'ਤੇ ਤੁਸੀਂ ਦਸਿਆ ਕਿ ਤੁਹਾਡੇ ਬੱਚੇ ਦੀ ਘਰ ਦੀ ਜ ਪ੍ਰਾਇਮਰੀ ਭਾਸ਼ਾ ਅੰਗਰੇਜ਼ੀ ਦੇ ਇਲਾਵਾ ਕੋਈ ਹੋਰ ਹੈ, ਅਤੇ ਇੱਕ ਅਧਿਆਪਕ ਨੇ ਉਸਦੀ ਵਧੀਕ ਅੰਗਰੇਜ਼ੀ ਭਾਸ਼ਾ ਸਹਿਯੋਗ ਲਈ ਸੰਭਵ ਲੋੜ ਨੂੰ ਪਤਾ ਕਰਨ ਲਈ ਉਸ ਦੀ ਇੰਟਰਵਿਊ ਲਈ। ਇੰਟਰਵਿਊ ਦੇ ਦੌਰਾਨ ਇਕੱਠੀ ਕੀਤੀ ਜਾਣਕਾਰੀ ਦੇ ਅਨੁਸਾਰ ਤੁਹਾਡਾ ਬੱਚਾ ਦੀ ਐੱਲ ਸੇਵਾ ਲਈ ਯੋਗ ਅਤੇ ਇੱਕ ਸੰਭਵ ELL / MLL ਦੇ ਤੌਰ ਤੇ ਪਛਾਣ ਕੀਤੀ ਗਈ ਹੈ। ਵਧੀਕ ਅੰਗਰੇਜ਼ੀ ਭਾਸ਼ਾ ਸਹਿਯੋਗ ਲਈ ਤੁਹਾਡੇ ਬੱਚੇ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ, ਤੁਹਾਡੇ ਬੱਚੇ ਨੂੰ ਹੁਣ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਨਿਊਯਾਰਕ ਰਾਜ ਦਾ ਪਛਾਣ ਟੈਸਟ ( NYSITELL ) ਦਿੱਤਾ ਜਾਵੇਗਾ।

## NYSITELL ਦਾ ਮਕਸਦ ਕੀ ਹੈ?

NYSITELL ਦਾ ਮਕਸਦ, ਉਸ ਨਵੇਂ ਵਿਦਿਆਰਥੀ ਦੇ ਅੰਗਰੇਜ਼ੀ ਭਾਸ਼ਾ ਦੇ ਪੱਧਰ ਦਾ ਜਾਇਜ਼ਾ ਲੈਣਾ ਹੁੰਦਾ ਹੈ ਜਿਸ ਦੇ ਘਰ ਦੀ ਜ ਪ੍ਰਾਇਮਰੀ ਭਾਸ਼ਾ ਅੰਗਰੇਜ਼ੀ ਦੇ ਇਲਾਵਾ ਹੋਰ ਹੁੰਦੀ ਹੈ। NYSITELL 'ਤੇ ਤੁਹਾਡੇ ਬੱਚੇ ਦਾ ਸਕੋਰ ਪਧਰ ( ਦਾਖਲ ਹੁੰਦਾ, ਉਭਰਦਾ, ਤਬਦੀਲ ਹੁੰਦਾ, ਵਧਦਾ ਜ ਹੁਕਮਰਾਨੀ ) ਉਸ ਨੂੰ ਉਸਦੇ ਐੱਲ ਸੇਵਾ ਪ੍ਰਾਪਤ ਕਰਨ ਲਈ ਹੱਕਦਾਰ ਹੋਣ ਦਾ ਅਤੇ ਉਸਦੇ ਅੰਗਰੇਜ਼ੀ ਭਾਸ਼ਾ ਸਹਿਯੋਗ ਦੇ ਪੱਧਰ ਨੂੰ ਨਿਰਧਾਰਤ ਕਰੇਗਾ। ਇਹ ਨਤੀਜੇ ਉਸਦੇ ਅਧਿਆਪਕ ਨੂੰ ਤੁਹਾਡੇ ਬੱਚੇ ਲਈ ਵਧੀਆ ਪ੍ਰੋਗਰਾਮ ਦੀ ਯੋਜਨਾ ਉਸਦੀ ਸੁਣਨ ਵਿੱਚ, ਬੋਲਣ ਵਿਚ, ਪੜ੍ਹਨ ਅਤੇ ਅੰਗਰੇਜ਼ੀ ਵਿੱਚ ਲਿਖਣ ਦੀ ਤਾਕਤ 'ਤੇ ਲੋੜ ਤੇ ਬਣਾਉਣ ਵਿਚ ਮਦਦ ਕਰਣਗੇ।

## NYSITELL ਕਦੋਂ ਦਿੱਤਾ ਜਾਂਦਾ ਹੈ?

NYSITELL ਸਿਰਫ ਇੱਕ ਵਾਰ ਸੰਭਵ ELLs / MLLs ਨੂੰ ਨਿਊਯਾਰਕ ਰਾਜ ਦੇ ਸਕੂਲ ਸਿਸਟਮ ਵਿੱਚ ਰਜਿਸਟਰੇਸ਼ਨ ਕਰਣ ਤੋਂ ਬਾਦ ਦਿੱਤਾ ਜਾਂਦਾ ਹੈ।

## ਕਿਸ ਕਿਸਮ ਦੇ ਸਵਾਲ ਵਿਦਿਆਰਥੀਆਂ ਕੋਲੋਂ ਪੁਛੇ ਜਾਣਗੇ?

NYSITELL ਦੇ ਸਵਾਲ ਸੁਣਨ, ਬੋਲਣ, ਪੜ੍ਹਨ ਅਤੇ ਲਿਖਣ ਵਿਚ ਬਹੁ-ਚੋਣ ਵਾਲੇ, ਛੋਟਾ ਲਿਖਿਆ ਜਵਾਬ , ਲੰਬਾ ਲਿਖਿਆ ਜਵਾਬ ਅਤੇ ਜ਼ੁਬਾਨੀ ਜਵਾਬ ਸ਼ਾਮਲ ਹਨ।

## ਮੈਨੂੰ ਨਤੀਜੇ ਕਿਵੇਂ ਪ੍ਰਾਪਤ ਹੁੰਦੇ ਹਨ?

ਜਿਸ ਸਕੂਲ ਵਿਚ ਤੁਹਾਡਾ ਬੱਚਾ ਦਾਖਲ ਹੈ ਉਹ ਸਕੂਲ ਤੁਹਾਨੂ ਇੱਕ ਮਾਤਾ-ਪਿਤਾ ਦਾ ਨੋਟੀਫਿਕੇਸ਼ਨ ਪੱਤਰ ਡਾਕ ਰਾਹੀਂ ਭੇਜੇਗਾ ਜਿਸ ਵਿਚ ਤੁਹਾਡੇ ਬੱਚੇ ਦੇ ਪੱਧਰ ਅਤੇ ਤੁਹਾਨੂੰ ਕਿਸੇ ਵੀ ਹੋਰ ਐਕਸ਼ਨ ਲੈਣ ਦੀ ਲੋੜ ਹੈ, ਦਾ ਸੰਕੇਤ ਹੋਵੇਗਾ। ਜੇ ਤੁਹਾਡੇ ਬੱਚੇ ਨੂੰ ਇੱਕ ਐੱਲ / MLL ਦੀ ਪਛਾਣ ਦਿੱਤੀ ਗਈ ਹੈ, ਤਾਂ ਤੁਹਾਨੂੰ ਇੱਕ ਸਥਿਤੀ ਸ਼ੈਸ਼ਨ ਵਿਚ ਹਾਜ਼ਰ ਹੋਣ ਲਈ ਕਿਹਾ ਜਾਵੇਗਾ, ਜਿਸ ਵੇਲੇ ਤੁਸੀਂ ਆਪਣੇ ਬੱਚੇ ਲਈ ਉਪਲੱਬਧ ਐੱਲ ਪ੍ਰੋਗਰਾਮ ਬਾਰੇ ਜਾਣਕਾਰੀ ਹਾਸਲ ਕਰੋਗੇ।

### ਮੁਹਾਰਤ ਪੱਧਰ ਦਾ ਕੀ ਮਤਲਬ ਹੈ ?

ਤੁਹਾਡੇ ਬੱਚੇ ਦੇ ਪ੍ਰਾਪਤ ਕੀਤੇ ਸਕੋਰ ਤੇ ਨਿਰਭਰ ਕਰਦਾ ਹੈ ਕਿ ਉਸ ਇੱਕ ਐੱਲ / MLL ਮੰਨਿਆ ਜਾਵੇ। ਮੁਹਾਰਤ ਦੇ ਪੱਧਰ ਦਾ ਵੇਰਵਾ ਹੇਠ ਸਾਰਣੀ ਵਿੱਚ ਦਿੱਤਾ ਗਿਆ ਹੈ :

| ਪੱਧਰ | ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰ ਦਾ ਵੇਰਵਾ | |
|---|---|---|
| ਦਾਖਲ ਹੁੰਦਾ (ਸ਼ੁਰੂ ਦਾ) | ਦਾਖਲ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਿਮਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਸਹਿਯੋਗ ਅਤੇ ਬਣਤਰ 'ਤੇ ਬਹੁਤ ਨਿਰਭਰ ਕਰਦਾ ਹੈ ਅਤੇ ਉਸਨੁ ਅਜੇ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨਾ ਹੈ। | ਸੇਵਾ ਲਈ ਯੋਗ |
| ਉਭਰਦਾ (ਘੱਟ ਵਿਚਕਾਰਲਾ ) | ਉਭਰਦਾ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਿਮਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਸਹਿਯੋਗ ਅਤੇ ਬਣਤਰ 'ਤੇ ਕੁਝ ਨਿਰਭਰ ਕਰਦਾ ਹੈ ਅਤੇ ਉਸਨੁ ਅਜੇ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨਾ ਹੈ। | |
| ਤਬਦੀਲ ਹੁੰਦਾ (ਵਿਚਕਾਰਲਾ) | ਤਬਦੀਲ ਹੁੰਦਾ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਿਮਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਕੁਝ ਆਜ਼ਾਦੀ ਵੇਖਾਉਂਦਾ ਹੈ ਪਰ ਉਸਨੁ ਅਜੇ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨਾ ਹੈ। | |
| ਵਧਦਾ (ਤਰੱਕੀ ਕਰਦਾ) | ਵਧਦਾ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਮਿਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਬਹੁਤ ਆਜ਼ਾਦੀ ਵੇਖਾਉਂਦਾ ਹੈ ਅਤੇ ਉਹ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ(settings) ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨ ਦੇ ਨੇੜੇ ਹੈ। | |

### ਟੈਸਟ ਦਾ ਸੰਚਾਲਨ ਅਤੇ ਸਕੋਰ ਕੌਣ ਕਰਦਾ ਹੈ ?

NYSITELL ਦਾ ਸੰਚਾਲਨ ਅਤੇ ਸਕੋਰ ਨਿਊ ਯਾਰ੍ਕ ਸਟੇਟ ਦੇ ਯੋਗ ਸਿਖਿਅਕ ਕਰਦੇ ਹੰਨ।

### ਜੇ ਮੇਰੇ ਬੱਚੇ ਦੀ IEP ਹੈ, ਤੇ ਕਿ NYSITELL ਦੇ ਦੌਰਾਨ ਉਸ ਨੂੰ ਟੈਸਟਿੰਗ ਸਹੂਲਤਾਂ ਦੀ ਇਜਾਜ਼ਤ ਹੈ ?

ਜੀ , ਇਕ ਵਿਦਿਆਰਥੀ ਦੀ IEP ਤੇ ਉਸ ਨੂੰ NYSITELL ' ਤੇ ਟੈਸਟਿੰਗ ਸਹੂਲਤਾਂ ਜਾਇਜ਼ ਹਨ। ਆਪਣੇ ਬੱਚੇ ਦੀਆਂ ਖਾਸ ਟੈਸਟਿੰਗ ਸਹੂਲਤਾਂ ਜਿਹਨਾਂ ਦਾ ਉਹ ਹੱਕਦਾਰ ਹੈ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।

ਇੱਕ ਵਾਰ ਜੇ ਤੁਹਾਡਾ ਬੱਚਾ ਐੱਲ / MLL ਦੀ ਪਛਾਣ ਦਾ ਹੋ ਜਾਂਦਾ ਹੈ ਤਾਂ ਉਹ: ਦੋਭਾਸ਼ੀ ਸਿਖਿਆ ( ਪਿਰਵਰਤਨਸ਼ੀਲ ਜ ਡਿਊਲ ਭਾਸ਼ਾ ), ਅਤੇ /ਜ ਅੰਗ੍ਰੇਜੀ ਇਕ ਨਵੀਂ ਭਾਸ਼ਾ ( ENL ) ਦੇ ਤੌਰ ਸੇਵਾ ਦਾ ਹੱਕਦਾਰ ਹੈ। ਤੁਹਾਡੇ ਬੱਚੇ ਦੀ ਮੁਹਾਰਤ ਦਾ ਪੱਧਰ ਉਸ ਨੂੰ ਹਰ ਹਫਤੇ ਮਿਲਣ ਵਾਲੀ ਸੇਵਾ ਦਾ ਸਮਾਂ (ਕਲਾਸ ਸਮਾਂ) ਨਿਰਧਾਰਿਤ ਕਰੇਗਾ। ਮੁਹਾਰਤ ਦੇ ਪੱਧਰ ਅਨੁਸਾਰ ਮਿਲਣ ਵਾਲੇ ਖਾਸ ਮਿੰਟ ਦੀ ਜਾਣਕਾਰੀ ਲਈ ਹੇਠ ਦਿੱਤਾ ਚਾਰਟ ਦੇਖੋ।

| ਪੱਧਰ | ਗ੍ਰੇਡ k-8 ਦੇ ਲਈ ENL ਕੇ ਮਿੰਟ ਪ੍ਰਤੀ ਹਫ਼ਤੇ ਹਦਾਇਤ | ਗ੍ਰੇਡ 9-12 ਦੇ ਲਈ ENL ਕੇ ਮਿੰਟ ਪ੍ਰਤੀ ਹਫ਼ਤੇ ਹਦਾਇਤ | ਦੋਭਾਸ਼ੀ ਪ੍ਰੋਗਰਾਮ ਵਿਚ ਵਿਦਿਆਰਥੀ |
|---|---|---|---|
| ਦਾਖਲ ਹੁੰਦਾ (ਸ਼ੁਰੂ ਦਾ) | 360 ਮਿੰਟ | 540 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 2 ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਉਭਰਦਾ (ਘੱਟ ਵਿਚਕਾਰਲਾ ) | 360 ਮਿੰਟ | 360 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 2ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਤਬਦੀਲ ਹੁੰਦਾ (ਵਿਚਕਾਰਲਾ) | 180 ਮਿੰਟ | 180 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 1ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਵਧਦਾ (ਤਰੱਕੀ ਕਰਦਾ) | 180 ਮਿੰਟ | 180 0 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 1ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |

### ਮੈਨੂੰ ਇਕ ਵਾਰ ਨਤੀਜੇ ਪਤਾ ਲੱਗਣ ਤੇ , ਮੈ ਕਿਵੇਂ ਘਰ 'ਤੇ ਮਦਦ ਕਰ ਸਕਦਾ ਹਾਂ ?

- ਆਪਣੇ ਬੱਚੇ ਨੂੰ ਆਪਣੀ ਘਰ ਦੀ ਭਾਸ਼ਾ /ਪ੍ਰਾਇਮਰੀ ਭਾਸ਼ਾ ਅਤੇ /ਜ ਅੰਗ੍ਰੇਜੀ ਵਿਚ ਪੜ੍ਹ ਕੇ ਸੁਣਾਓ (ਖੋਜ ਤੋਂ ਪਤਾ ਲੱਗਦਾ ਹੈ ਕਿ ਆਪਣੇ ਘਰ ਦੀ ਭਾਸ਼ਾ ਵਿੱਚ ਬੱਚੇ ਨੂੰ ਪੜ੍ਹਣਾ ਉਸਦੀ ਅੰਗ੍ਰੇਜੀ ਸਾਖਰਤਾ ਦੇ ਹੁਨਰ ਨੂੰ ਸਹਿਯੋਗ ਕਰਨ ਵਿੱਚ ਮਦਦ ਕਰੇਗਾ).
- ਆਪਣੇ ਬੱਚੇ ਨੂੰ ਆਪਣੀ ਘਰ ਦੀ ਭਾਸ਼ਾ /ਪ੍ਰਾਇਮਰੀ ਭਾਸ਼ਾ ਵਿੱਚ ਕਹਾਨਿਯਾਂ ਦੱਸੋ।
- ਆਪਣੀ ਸਥਾਨਕ ਲਾਇਬ੍ਰੇਰੀ ਦਾ ਦੌਰਾ ਕਰੋ ਅਤੇ ਆਪਣੇ ਘਰ / ਪ੍ਰਾਇਮਰੀ ਭਾਸ਼ਾ ਜ ਦਾ ਅੰਗਰੇਜ਼ੀ ਵਿਚ ਆਡੀਓ ਕਿਤਾਬਾਂ ਉਧਾਰ ਲਉ।
- ਆਪਣੇ ਸਕੂਲ ਦੁਆਰਾ ਤਹਿ ਮਾਤਾ ਪਿਤਾ - ਅਧਿਆਪਕ ਕਾਨਫਰੰਸ ਵਿਚ ਹਾਜ਼ਰ ਹੋਣਾ ਯਕੀਨੀ ਕਰੋ।
- ਇੱਕ ਵਿਅਕਤੀਗਤ ਮੀਟਿੰਗ ਆਪਣੇ ਬੱਚੇ ਦੇ ਅਧਿਆਪਕ ਨਾਲ ਤਹਿ ਕਰੋ ਜੋ ਕਿ ਤੁਹਾਨੂੰ ਆਪਣੇ ਬੱਚੇ ਦੇ ਸਫ਼ਲ ਹੋਣ ਦੇ ਖਾਸ ਤਰੀਕੇ ਸਿੱਖਣ ਵਿਚ ਮਦਦ ਕਰ ਸਕੇ।
- ਆਪਣੇ ਬੱਚੇ ਲਈ ਹਰ ਦਿਨ ਹੋਮਵਰਕ ਕਰਣ ਲਈ ਇਕ ਸਮਾਂ ਤਹਿ ਕਰੋ ਅਤੇ ਹੋ ਸਕੇ ਤਾਂ ਇਕ ਚੁੱਪ ਜਗ੍ਹਾ ਮੁਹੱਈਆ ਕਰੋ ਜੋ ਬਿਨਾ ਭੁਲੇਖੇ/ਰੁਕਾਵਟ ਹੋਵੇ ਜਿਥ੍ਹੇ ਉਹ ਕਮ ਕਰ ਸਕੇ।
- ਪਰਿਵਾਰ ਨਾਲ ਮਿਊਜ਼ੀਅਮ ਘੁੰਮਣ ਦੀ ਯੋਜਨਾ ਬਣਾਓ। ਮਿਊਜ਼ੀਅਮ 'ਤੇ ਗਾਈਡ ਤੁਹਾਨੂੰ ਆਪਣੇ ਬੱਚੇ ਨਾਲ ਇੱਕ ਪ੍ਰਦਰਸ਼ਨੀ ਨੂੰ ਪਰਖਣ ਕਰਣ ਵਿਚ ਮਦਦ ਕਰ ਸਕਦਾ ਹੈ।
- ਮਿਊਜ਼ੀਅਮ ਅਤੇ ਲਾਇਬਰੇਰੀ ਅਕਸਰ ਘੱਟ ਲਾਗਤ ਅਤੇ / ਜ ਮੁਫ਼ਤ ਸਮ੍ਿੰਧੀ ਕਲਾਸ ਸਕੂਲ ਦੇ ਬਾਅਦ ਜ ਹਫਤੇ ਦੇ ਅੰਤ ਤੇ ਪੇਸ਼ਕਸ਼ ਕਰਦੇ ਹੰਨ।

ਐੱਲ ਸੇਵਾ ਬਾਰੇ ਸਵਾਲਾਂ  ਅਤੇ ਚਿੰਤਾਵਾਂ ਲਈ ਕ੍ਰਿਪਆ ਸੰਪਰਕ ਕਰੋ ਜੀ

nysparenthotline@nyu.edu
ELL Parent Hotline: (800) 469-8224

**ਹੋਰ ਸਵਾਲਾਂ ਲਈ**

ਕ੍ਰਿਪਆ ਸਵਾਲ ਜ ਟਿੱਪਣੀ ਨੂੰ ਦੋ ਭਾਸ਼ੀ ਸਿਖਿਆ ਅਤੇ

ਵਿਸ਼ਵ ਭਾਸ਼ਾ ਦੇ ਦਫ਼ਤਰ ਚ ਭੇਜੋ ਜੀ OBEFLS@nysed.gov

Or call: 718-722-2445

NYSITELL ਤੇ ਹੋਰ ਜਾਣਕਾਰੀ ਲਈ ਵੇਖੋ

**http://www.p12.nysed.gov/assessment/nysitell/**

NYSED.gov